ਈ.ਆਈ.ਏ. ਨੋਟੀਫਿਕੇਸਨ ਮਿਤੀ 14.09.2006 ਅਧੀਨ ਕਾਰਜਕਾਰੀ ਇੰਜੀਨੀਅਰ/ਫਿਰੋਜ਼ਪੁਰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਪਿੰਡ ਬਹਿਕ ਗੁੱਜਰਾਂ, ਤਹਿਸੀਲ ਜ਼ੀਰਾ, ਜਿਲ੍ਹਾ ਫਿਰੋਜ਼ਪੁਰ ਦੀ ਰੈਵੀਨਿਊ ਐਸਟੇਟ ਅਧੀਨ ਪੈਂਦੀ ਖੇਤੀਬਾੜੀ ਵਾਲੀ ਜਮੀਨ ਵਿੱਚੋਂ ਰੇਤ ਦੀ ਮਾਇੰਨਗ ਕਰਨ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਜਨਤਕ ਸੁਣਵਾਈ ਮਿਤੀ 04.01.2024 ਦੀ ਕਾਰਵਾਈ ।

ਇਸ ਸੁਣਵਾਈ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ-

1) ਸ੍ਰੀ ਗੁਰਮੀਤ ਸਿੰਘ,
ਉਪ ਮੰਡਲ ਮੈਜਿਸਟ੍ਰੇਟ,
ਜ਼ੀਰਾ ।

2) ਇੰਜ: ਦਲਜੀਤ ਸਿੰਘ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ, ਫ਼ਰੀਦਕੋਟ ।

3) ਇੰਜ: ਅਨੀਸ਼ ਸ਼ਰਮਾ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ, ਫ਼ਰੀਦਕੋਟ ।

ਜਨਤਕ ਸੁਣਵਾਈ ਦੌਰਾਨ, ਸਭ ਤੋਂ ਪਹਿਲਾਂ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਫਰੀਦਕੋਟ ਨੇ ਸੁਣਵਾਈ ਦੇ ਪ੍ਰਧਾਨ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਈ ਜਨਤਾ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਕਾਰਜਕਾਰੀ ਇੰਜੀਨੀਅਰ/ਫਿਰੋਜ਼ਪੁਰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਵੱਲੋਂ 7.30 ਹੈਕਟੇਅਰ ਖੇਤੀਬਾੜੀ ਵਾਲੀ ਜਮੀਨ ਦਾ ਰਕਬਾ ਪਿੰਡ ਬਹਿਕ ਗੁੱਜਰਾਂ, ਤਹਿਸੀਲ ਜ਼ੀਰਾ, ਜਿਲ੍ਹਾ ਫਿਰੋਜ਼ਪੁਰ ਵਿੱਚੋਂ 49,145 ਟੀ.ਪੀ.ਏ ਰੇਤ ਦੀ ਮਾਇੰਨਗ ਕਰਨ ਦੀ ਤਜਵੀਜ਼ ਹੈ । ਪ੍ਰੋਜੈਕਟ ਦੀ ਅਰਜ਼ੀ ਵਿਚਾਰਣ ਉਪਰੰਤ, ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਨਿਰਧਾਰਿਤ ਤੈਅ ਵਿਧੀ ਮੁਤਾਬਿਕ ਸਟੇਟ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੇ ਡਰਾਫਟ ਇਨਵਾਇਰਮੈਂਟ ਇੰਪਕੈਟ ਅਸੈਸਮੈਂਟ (ਈ.ਆਈ.ਏ.) ਸਟੱਡੀ ਰਿਪੋਰਟ ਤਿਆਰ ਕਰਨ ਲਈ ਕੰਪਨੀ ਨੂੰ ਟਰਮਜ਼ ਆਫ ਰੈਫਰੈਂਸ ਜਾਰੀ ਕੀਤੇ ਸਨ। ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.09.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਗਈ ਹੈ । ਉਹਨਾ ਨੇ ਹਾਜਰ ਜਨਤਾ ਨੂੰ ਕੰਪਨੀ ਵਲੋਂ ਉਪਰੋਕਤ ਮਾਇਨਿੰਗ ਕਰਨ ਲਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜੀ ਤੇ ਫੈਸਲਾ ਲੈਣ ਤੇ ਪਹਿਲਾ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਕੰਪਨੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਸਾਰ (ਪੰਜਾਬੀ ਅਤੇ ਅੰਗਰੇਜੀ) ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਜਮ੍ਹਾਂ ਕਰਵਾਏ ਗਏ ਹਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਫਿਰੋਜ਼ਪੁਰ, ਚੇਅਰਮੈਨ, ਜਿਲਾ ਪ੍ਰੀਸ਼ਦ, ਫਿਰੋਜ਼ਪੁਰ, ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ

ਸੈਂਟਰ, ਫਿਰੋਜ਼ਪੁਰ, ਕਾਰਜਕਾਰੀ ਇੰਜੀਨੀਅਰ-ਕਮ-ਜਿਲਾ ਮਾਈਨਿੰਗ ਅਫਸਰ, ਫਿਰੋਜ਼ਪੁਰ, ਰਿਜਨਲ ਦਫਤਰ, ਐਮ.ਓ.ਈ.ਐਫ., ਚੰਡੀਗੜ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਰੀਦਕੋਟ ਦੇ ਦਫਤਰਾਂ ਵਿੱਚ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਵੈਬਸਾਈਟ ਉਪਰ ਵੀ ਅਪਲੋਡ ਵੀ ਕੀਤੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਸ ਤੱਕ ਪਹੁੰਚ ਕਰਨ ਸਕਣ। ਉਹਨਾਂ ਅੱਗੇ ਦੱਸਿਆ ਕਿ ਇਸ ਜਨਤਕ ਸੁਣਵਾਈ ਦਾ ਪਬਲਿਕ ਨੋਟਿਸ ਦੋ ਅਖਬਾਰਾਂ "ਹਿੰਦੁਸਤਾਨ ਟਾਈਮਜ (ਅੰਗਰੇਜੀ)" ਅਤੇ "ਰੋਜਾਨਾ ਸਪੋਕਸਮੈਨ (ਪੰਜਾਬੀ)" ਵਿੱਚ ਮਿਤੀ 01/12/2023 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ ਤਾਂ ਜੋ ਜਨਤਾ ਨੂੰ ਸੁਣਵਾਈ ਦੀ ਜਗ੍ਹਾ, ਤਾਰੀਖ ਅਤੇ ਸਮੇਂ ਦਾ ਪਤਾ ਲੱਗ ਜਾਵੇ ਅਤੇ ਨਾਲ ਹੀ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਸਾਰ ਕਿਹੜੇ-ਕਿਹੜੇ ਦਫਤਰਾਂ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ ਸਬੰਧੀ ਜਾਣਕਾਰੀ ਮਿਲ ਸਕੇ। ਇਹ ਵੀ ਸੂਚਿਤ ਕਰ ਦਿੱਤਾ ਗਿਆ ਸੀ ਕਿ ਪ੍ਰਸਤਾਵਿਤ ਪ੍ਰੋਜੈਕਟ ਤੇ ਸੁਝਾਅ, ਵਿਚਾਰ, ਟਿੱਪਣੀਆ ਅਤੇ ਇਤਰਾਜ਼ ਜੇਕਰ ਹੋਣ ਤਾਂ ਲਿਖਿਤ/ਈਮੇਲ/ਨਿੱਜੀ ਤੋਰ ਰਾਹੀ, ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ ਪਾਸ ਨੋਟਿਸ ਦੀ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ-ਅੰਦਰ ਦਿੱਤੇ ਜਾ ਸਕਦੇ ਸਨ। ਇਸ ਉਪਰੰਤ ਉਹਨਾਂ ਕੰਪਨੀ ਦੇ ਵਾਤਾਵਰਣ ਸਲਾਹਕਾਰ ਨੂੰ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਜਨਤਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ ਲਈ ਕਿਹਾ ਗਿਆ।

ਮਾਈਨਿੰਗ ਵਿਭਾਗ ਦੇ ਵਾਤਾਵਰਣ ਸਲਾਹਕਾਰ ਮੈਸ: ਗ੍ਰਾਸ ਰੂਟਸ ਰਿਸਰਚ ਐਂਡ ਕ੍ਰਿਏਸ਼ਨ ਇੰਡੀਆ (ਪ੍ਰਾ:) ਲਿਮਟਿਡ ਦੇ ਨੁਮਾਇੰਦੇ ਵੱਲੋਂ ਜਨਤਾ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਤਜਵੀਜਤ ਮਾਈਨਿੰਗ ਪ੍ਰੋਜੈਕਟ ਪਿੰਡ ਬਹਿਕ ਗੁੱਜਰਾਂ, ਤਹਿਸੀਲ ਜੀਰਾ, ਜਿਲ੍ਹਾ ਫਿਰੋਜ਼ਪੁਰ ਦੀ ਰੈਵੀਨਿਊ ਐਸਟੇਟ ਵਿੱਚ ਪੈਂਦਾ ਹੈ ਅਤੇ ਇਸ ਨੂੰ 7.30 ਹੈਕਟੇਅਰ ਏਰੀਏ ਵਿੱਚ 49,145 ਟੀ.ਪੀ.ਏ ਦੇ ਹਿਸਾਬ ਨਾਲ ਰੇਤ ਦੀ ਮਾਈਨਿੰਗ ਕਰਨ ਦੀ ਆਗਿਆ ਮਿਲੀ ਹੋਈ ਹੈ। ਪ੍ਰੋਜੈਕਟ ਦੀ ਅਨੁਮਾਨਤ ਲਾਗਤ 150.0 ਲੱਖ ਰੁਪਏ ਹੈ। ਮਾਈਨ ਅਤੇ ਜਿਉਲੋਜੀ ਵਿਭਾਗ, ਪੰਜਾਬ ਨੇ 3 ਸਾਲਾਂ ਲਈ ਰੇਤ ਦੀ ਮਾਈਨਿੰਗ ਕਰਨ ਲਈ ਪੱਤਰ ਜਾਰੀ ਕਰ ਦਿੱਤਾ ਹੈ। ਮਾਈਨਿੰਗ ਸਾਈਟ ਦਾਂ ਸਭ ਤੋਂ ਨੇੜਲਾ ਸ਼ਹਿਰ ਮੱਖੂ ਹੈ। ਜਿਸ ਵਿੱਚ ਕਈ ਹਸਪਤਾਲ, ਵਿਦਿਅਕ ਅਦਾਰੇ ਅਤੇ ਰੇਲਵੇ ਸਟੇਸਨ ਪੈਂਦੇ ਹਨ। ਤਜਵੀਜਤ ਪ੍ਰੋਜੈਕਟ ਦੀ ਈ.ਆਈ.ਏ ਸਟੱਡੀ ਮਾਈਨਿੰਗ ਲੀਜ਼ ਦੇ ਖੇਤਰ ਦੇ ਦੁਆਲੇ 10 ਕਿਲੋਮੀਟਰ ਦੀ ਰੇਡੀਅਲ ਦੂਰੀ ਵਾਲੇ ਖੇਤਰ ਵਿੱਚ ਮਾਰਚ 2023 ਅਤੇ ਮਈ 2023 ਦੋਰਾਨ ਪ੍ਰੀ ਮਾਨਸੂਨ ਸੀਜ਼ਨ ਵਿੱਚ ਕੀਤੀ ਗਈ ਸੀ। ਪ੍ਰੋਜੈਕਟ ਸਾਈਟ 'ਤੇ ਧੂੜ ਨੂੰ ਦਬਾਉਣ, ਪੀਣ ਅਤੇ ਪੌਦੇ ਲਗਾਉਣ ਪ੍ਰਤੀਦਿਨ ਪਾਣੀ ਦੀ ਵਰਤੋਂ ਕੀਤੀ ਜਾਏਗੀ। ਪ੍ਰੋਜੈਕਟ ਵਿੱਚ ਕੁੱਲ 24 ਵਿਅਕਤੀ ਕੰਮ ਕਰਨਗੇ ਅਤੇ ਰੇਤ ਦੀ ਮਾਈਨਿੰਗ ਦਾ ਕੰਮ ਬੈਂਕ ਤੋਂ ਸੁਰੱਖਿਆ ਖੇਤਰ ਨੂੰ ਛੱਡ ਕੇ ਕੀਤਾ ਜਾਵੇਗਾ ਅਤੇ ਇਸ ਦੀ ਵੱਧ ਤੋਂ ਵੱਧ ਡੂੰਘਾਈ ਧਰਤੀ ਹੇਠਲੇ ਪਾਣੀ ਦੇ ਪੱਧਰ ਤੋਂ ਉੱਪਰ ਰਹੇਗੀ। ਪ੍ਰੋਜੈਕਟ ਦੇ ਚੱਲਣ ਨਾਲ ਸਿਹਤ ਉਪਰ ਪ੍ਰਭਾਵਾਂ ਨੂੰ ਘਟਾਉਣ ਲਈ ਪ੍ਰਭਾਵਿਤ ਖੇਤਰਾਂ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਕੋਈ ਵੀ ਜੰਗਲੀ ਜੀਵਨ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਮੌਨਸੂਨ ਸੀਜ਼ਨ ਦੇ ਸ਼ੁਰੂ ਵਿੱਚ ਰੇਤ ਦੀ ਖਾਣ ਦੇ ਬੰਦ ਹੋਣ ਦੌਰਾਨ ਬਹਾਲੀ ਯੋਜਨਾ ਨੂੰ ਅਪਣਾਇਆ ਜਾਵੇਗਾ। ਕੁਦਰਤੀ ਆਫ਼ਤਾਂ ਦੇ ਪ੍ਰਭਾਵਾਂ ਤੋਂ ਬਚਣ ਲਈ ਸਮੇਂ ਸਿਰ ਸਾਵਧਾਨੀ ਅਤੇ ਉਪਾਅ ਕਰਨ ਲਈ ਆਫ਼ਤ ਪ੍ਰਬੰਧਨ ਯੋਜਨਾ ਨੂੰ ਵੀ ਅਪਣਾਇਆ ਜਾਵੇਗਾ। ਧੂੜ ਨੂੰ ਕੰਟਰੋਲ ਕਰਨ ਲਈ ਸੜਕਾਂ 'ਤੇ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ। ਵਾਹਨਾਂ ਦੀ ਲੋਡਿੰਗ ਅਤੇ ਆਵਾਜਾਈ ਦੇ ਦੌਰਾਨ ਪੈਦਾ ਹੋਣ ਵਾਲੀ ਧੂੜ ਦੀ ਸਮੱਸਿਆ ਨੂੰ ਘਟਾਉਣ ਲਈ ਮਾਈਨਿੰਗ ਸਾਈਟ ਅਤੇ ਇਸਦੇ ਨਾਲ ਲੱਗਦੇ ਖੇਤਰ ਵਿੱਚ ਪੌਦੇ ਲਗਾਏ ਜਾਣਗੇ। ਇਸ ਪ੍ਰੋਜੈਕਟ ਤੋਂ ਕਿਸੇ ਵੀ ਤਰ੍ਹਾਂ ਦਾ ਗੰਦਾ ਪਾਣੀ ਨਹੀਂ ਨਿਕਲੇਗਾ ਸਿਰਫ ਦਫਤਰ ਦੇ ਪਖਾਨਿਆ ਤੋਂ ਨਿਕਲੇ ਗੰਦੇ ਪਾਣੇ ਦੀ ਸੋਧ ਲਈ ਸੈਪਟਿਕ ਟੈਂਕ ਲਗਾਇਆ ਜਾਵੇਗਾ। ਪ੍ਰੋਜੈਕਟ ਦੇ ਚੱਲਣ ਦੌਰਾਨ ਹਵਾ ਦੀ ਗੁਣਵੱਤਾ, ਪਾਣੀ ਦੀ ਗੁਣਵੱਤਾ ਅਤੇ ਮਿੱਟੀ ਦੀ ਗੁਣਵੱਤਾ ਦੀ ਜਾਂਚ ਕਰਵਾਈ ਜਾਵੇਗੀ।

ਬਾਅਦ ਵਿੱਚ, ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਫਰੀਦਕੋਟ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.09.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰੋਮੋਟਰ ਕੋਲੋ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ। ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋਂ ਪ੍ਰੋਜੈਕਟ ਸਬੰਧੀ ਮੰਗੀ ਗਈ ਜਾਣਕਾਰੀ ਅਤੇ ਇਸ ਦੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ। ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ / ਸਪੱਸ਼ਟੀਕਰਣ ਜਾਂ ਇਤਰਾਜ ਦੇ ਸਕਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਕੋਈ ਵੀ ਟਿੱਪਣੀ, ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋਂ ਬੋਰਡ ਨੂੰ ਨਹੀਂ ਪ੍ਰਾਪਤ ਹੋਈ ਹੈ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਫਰੀਦਕੋਟ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਪ੍ਰੋਜੈਕਟ ਕੋਈ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਜਾਂ ਇਤਰਾਜ ਪ੍ਰਗਟ ਕਰਨ ਚਾਹੁੰਦਾ ਹੈ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀਂ ਮੰਗੀ ਅਤੇ ਨਾ ਹੀ ਕੋਈ ਇਤਰਾਜ ਪ੍ਰਗਟ ਕੀਤਾ। ਇਸ ਤੋਂ ਪਿੱਛੋਂ ਸਹਾਇਕ ਵਾਤਾਵਰਣ ਇੰਜੀਨੀਅਰ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰੋਜੈਕਟ ਦੇ ਲੱਗਣ ਦਾ ਸਮਰਥਨ ਕਰਦੇ ਹਨ, ਇਸ ਦੇ ਹੁੰਗਾਰੇ ਵਜੋਂ ਮੌਜੂਦ ਸਾਰੇ ਲੋਕਾਂ ਵੱਲੋਂ ਹੱਥ ਖੜੇ ਕੀਤੇ ਗਏ। ਇਸ ਤੋ ਬਾਅਦ ਉਹਨਾਂ ਵੱਲੋਂ ਕਿਹਾ ਗਿਆ ਕਿ ਜੋ ਵੀ ਇਸ ਪ੍ਰੋਜੈਕਟ ਦੇ ਲੱਗਣ ਦੇ ਹੱਕ ਵਿੱਚ ਨਹੀ ਹਨ ਉਹ ਵੀ ਹੱਥ ਖੜੇ ਕਰਨ, ਇਸ ਦੇ ਹੁੰਗਾਰੇ ਵਜੋਂ ਮੌਜੂਦ ਲੋਕਾਂ ਵਿੱਚੋਂ ਕਿਸੇ ਵੀ ਵਿਅਕਤੀ ਵੱਲੋਂ ਹੱਥ ਖੜਾ ਕਰਕੇ ਪ੍ਰੋਜੈਕਟ ਦਾ ਵਿਰੋਧ ਨਹੀਂ ਕੀਤਾ ਗਿਆ। ਇਸ ਜਨਤਕ ਸੁਣਵਾਈ ਦੀ ਵੀਡਿਓਗ੍ਰਾਫੀ ਅਤੇ ਫੋਟੋਗ੍ਰਾਫੀ ਕੀਤੀ ਗਈ ਅਤੇ ਸੁਣਵਾਈ ਵਿੱਚ 40 ਵਿਅਕਤੀਆਂ ਨੇ ਹਿੱਸਾ ਲਿਆ।

ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਦੀ ਪ੍ਰਧਾਨਗੀ ਲਈ ਆਏ ਮਾਨਯੋਗ ਉਪ ਮੰਡਲ ਮੈਜਿਸਟ੍ਰੇਟ ਅਤੇ ਹਾਜਰਾਨ ਲੋਕਾਂ ਦਾ ਧੰਨਵਾਦ ਕਰਦੇ ਹੋਏ ਜਨਕਤ ਸੁਣਵਾਈ ਦੀ ਕਾਰਵਾਈ ਪੂਰੀ ਕੀਤੀ ਗਈ।

(ਅਨੀਸ਼ ਸ਼ਰਮਾ,)
ਸਹਾਇਕ ਵਾਤਾਵਰਣ ਇੰਜੀਨੀਅਰ,
ਪੀ.ਪੀ.ਸੀ.ਬੀ, ਖੇਤਰੀ ਦਫਤਰ, ਫਰੀਦਕੋਟ

(ਦਲਜੀਤ ਸਿੰਘ,)
ਵਾਤਾਵਰਣ ਇੰਜੀਨੀਅਰ,
ਪੀ.ਪੀ.ਸੀ.ਬੀ, ਖੇਤਰੀ ਦਫਤਰ,
ਫਰੀਦਕੋਟ

(ਗੁਰਮੀਤ ਸਿੰਘ)
ਉਪ ਮੰਡਲ ਮੈਜਿਸਟ੍ਰੇਟ,
ਜੀਰਾ